# ਇਹ ਦੀਵਾਲੀ ਸੁਰੱਖਿਅਤ ਰੂਪ ਨਾਲ ਮਨਾਓ

ਬ੍ਰੈਂਪਟਨ, ਓਨਟੈਰੀਓ (11 ਅਕਤੂਬਰ, 2022) – ਸਿਟੀ ਆਫ ਬ੍ਰੈਂਪਟਨ, ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਉਹ, ਸੋਮਵਾਰ, 24 ਅਕਤੂਬਰ ਨੂੰ ਦੀਵਾਲੀ (Diwali) ਦੇ ਮੌਕੇ ਤੇ, ਪਟਾਕੇ ਚਲਾਉਂਦੇ ਸਮੇਂ ਸੁਰੱਖਿਅਤ ਰਹਿਣ ਦੇ ਮਹੱਤਵ ਨੂੰ ਸਮਝਣ। ਕਮਿਊਨਿਟੀ ਵਿੱਚ ਕਈ ਲੋਕ ਇਸ ਦਿਨ ਬੰਦੀ ਛੋੜ ਦਿਵਸ (Bandi Chhor Diwas) ਵੀ ਮਨਾਉਂਦੇ ਹਨ।

ਦੀਵਾਲੀ, ਸਾਲ ਵਿੱਚ ਉਹਨਾਂ ਚਾਰ ਦਿਨਾਂ ਵਿੱਚੋਂ ਇੱਕ ਹੈ, ਜਦੋਂ ਬ੍ਰੈਂਪਟਨ ਵਿੱਚ ਪਰਮਿਟ ਦੀ ਲੋੜ ਦੇ ਬਿਨਾਂ, ਨਿੱਜੀ ਪ੍ਰਾਪਰਟੀ ਤੇ ਛੋਟੀ-ਰੇਂਜ਼ ਦੇ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਬਾਇ-ਲਾਅ ਦੇ ਅਧੀਨ, ਵਿਕਟੋਰੀਆ ਡੇ (Victoria Day), ਕੈਨੇਡਾ ਡੇ (Canada Day) ਅਤੇ ਨਵੇਂ ਸਾਲ (New Year's Eve) ਨੂੰ ਵੀ ਪਟਾਕੇ ਚਲਾਉਣ ਦੀ ਇਜਾਜ਼ਤ ਹੁੰਦੀ ਹੈ।

ਛੋਟੀ-ਰੇਂਜ਼ ਦੇ ਪਟਾਕੇ ਅਜਿਹੇ ਪਟਾਕੇ ਹਨ, ਜੋ ਚਲਾਏ ਜਾਣ ਤੇ ਤਿੰਨ ਮੀਟਰ (10 ਫੁੱਟ) ਤੋਂ ਘੱਟ ਦੂਰ ਤੱਕ ਜਾਂਦੇ ਹਨ (ਉਦਾਹਰਨ ਲਈ ਅਨਾਰ, ਚੱਕਰ, ਜ਼ਮੀਨੀ ਚੱਕਰ, ਫੁਲਝੜੀਆਂ)। ਮੋਟੇ ਤੌਰ ਤੇ ਇਹ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਬੱਸ ਜਾਂ ਬਾਸਕੇਟਬਾਲ ਹੂਪ ਦੀ ਉੱਚਾਈ  ਜਿੰਨੇ ਹੁੰਦੇ ਹਨ।

ਹੋਰ ਸਾਰੇ ਰਾੱਕੇਟ ਕਿਸਮ ਦੇ ਪਟਾਕਿਆਂ ਤੇ ਬ੍ਰੈਂਪਟਨ ਵਿੱਚ ਪਾਬੰਦੀ ਹੈ। ਸਿਟੀ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਗਲੀ ਵਿੱਚ, ਸਾਈਡਵਾਕਸ ਤੇ, ਸਿਟੀ ਦੇ ਪਾਰਕਾਂ ਦੇ ਅੰਦਰ ਜਾਂ ਮਿਊਨਿਸਿਪਲ ਜਾਂ ਸਕੂਲ ਦੀਆਂ ਪ੍ਰਾਪਰਟੀਜ ਤੇ, ਪਟਾਕੇ ਚਲਾਉਣ ਦੀ ਇਜਾਜ਼ਤ ਨਹੀਂ ਹੈ।

ਨਿੱਜੀ ਪ੍ਰਾਪਰਟੀ ਤੇ ਛੋਟੀ-ਰੇਂਜ਼ ਦੇ ਪਟਾਕੇ ਚਲਾਉਂਦੇ ਸਮੇਂ, ਨਿਵਾਸੀਆਂ ਲਈ ਇਹਨਾਂ ਸੁਰੱਖਿਆ ਸਾਵਧਾਨੀਆਂ ਦੀ ਪਾਲਣਾ ਕਰਨੀ ਲਾਜ਼ਮੀ ਹੈ:

- ਆਪਣੇ ਕੋਲ ਪਾਣੀ ਦਾ ਕੰਟੇਨਰ ਜਾਂ ਪਾਣੀ ਨਾਲ ਭਰੀ ਕੋਈ ਹੋਜ਼ ਲਾਈਨ ਰੱਖੋ, ਜੋ ਪਟਾਕੇ ਬੁਝਾਉਣ ਲਈ ਉਪਲਬਧ ਹੋਵੇ।
- ਫੁਲਝੜੀ ਨੂੰ ਛੱਡ ਕੇ, ਕਦੇ ਵੀ ਪਟਾਕੇ ਨੂੰ ਆਪਣੇ ਹੱਥ ਵਿੱਚ ਫੜ੍ਹ ਕੇ ਅੱਗ ਨਾ ਲਗਾਓ ਜਾਂ ਅੱਗ ਲੱਗੇ ਪਟਾਕੇ ਨੂੰ ਹੱਥ ਵਿੱਚ ਨਾ ਫੜ੍ਹੋ।
- ਕਦੇ ਵੀ ਪਟਾਕਿਆਂ ਨੂੰ ਹੋਰਾਂ ਲੋਕਾਂ ਤੇ ਨਾ ਸੁੱਟੋ ਜਾਂ ਉਹਨਾਂ ਵੱਲ ਕਰਕੇ ਨਾ ਚਲਾਓ।
- ਫੁਲਝੜੀਆਂ ਚਲਾਉਣ ਤੋਂ ਬਾਅਦ, ਉਹਨਾਂ ਨੂੰ ਸੁੱਟਣ ਤੋਂ ਪਹਿਲਾਂ, ਪੂਰੀ ਤਰ੍ਹਾਂ ਨਾਲ ਠੰਡਾ ਹੋਣ ਦੇਣ ਲਈ ਪਾਣੀ ਦੇ ਕੰਟੇਨਰ ਵਿੱਚ ਪਾ ਦਿਓ।
- ਸਾਰੇ ਪਟਾਕਿਆਂ ਨੂੰ ਸੁੱਟਣ ਤੋਂ ਪਹਿਲਾਂ, ਉਹਨਾਂ ਨੂੰ ਪੂਰੀ ਤਰ੍ਹਾਂ ਠੰਡਾ ਹੋਣ ਦਿਓ।

ਜਿਹਨਾਂ ਵਿਕਰੇਤਾਵਾਂ ਦੀ ਦੀਵਾਲੀ ਅਤੇ 31 ਦਸੰਬਰ ਨੂੰ ਨਵੇਂ ਸਾਲ ਦੀ ਸ਼ਾਮ ਲਈ ਪਟਾਕੇ ਵੇਚਣ ਦੀ ਯੋਜਨਾ ਹੈ, ਉਹਨਾਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਇਸ ਵਾਸਤੇ ਟ੍ਰੇਨਿੰਗ ਜ਼ਰੂਰੀ ਹੈ ਅਤੇ ਵਿਕਰੇਤਾਵਾਂ ਨੂੰ ਲਾਇਸੈਂਸਸ਼ੁਦਾ ਹੋਣ ਤੋਂ ਪਹਿਲਾਂ ਟ੍ਰੇਨਿੰਗ ਕੋਰਸ ਪੂਰਾ ਕਰਨਾ ਲਾਜ਼ਮੀ ਹੈ। ਜਿਹਨਾਂ ਵਿਕਰੇਤਾਵਾਂ ਨੇ ਪਹਿਲਾਂ ਹੀ ਫਾਇਰ ਇੰਸਪੈਕਸ਼ਨ ਪ੍ਰਾਪਤ ਅਤੇ ਟ੍ਰੇਨਿੰਗ ਕੋਰਸ ਪੂਰਾ ਕਰ ਲਿਆ ਹੈ, ਉਹਨਾਂ ਲਈ, ਲਾਇਸੈਂਸ ਲੈਣ ਜਾਂ ਨਵਿਆਉਣ ਲਈ ਔਨਲਾਈਨ (online to obtain or renew a licence) ਅਪਲਾਈ ਕਰਨਾ ਲਾਜ਼ਮੀ ਹੈ। ਮਨਜ਼ੂਰੀ ਮਿਲਣ ਤੇ, ਲਾਇਸੈਂਸ, 17 ਅਕਤੂਬਰ ਤੋਂ ਸ਼ੁਰੂ ਕਰਦੇ ਹੋਏ, ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ (City Hall, 2 Wellington St W) ਤੋਂ ਲਿਆ ਜਾ ਸਕਦਾ ਹੈ।

ਸਿਟੀ ਨਿਵਾਸੀਆਂ ਨੂੰ ਸਲਾਹ ਦਿੰਦੀ ਹੈ ਕਿ ਲਾਇਸੈਂਸਸ਼ੁਦਾ ਰਿਟੇਲਰਾਂ ਤੋਂ ਹੀ ਪਟਾਕੇ ਖਰੀਦੋ। ਬ੍ਰੈਂਪਟਨ ਵਿੱਚ ਰਜਿਸਟਰਡ ਪਟਾਕਾ ਰਿਟੇਲਰਾਂ ਦੀ ਸੂਚੀ, ਸਿਟੀ ਦੀ ਵੈਬਸਾਈਟ ਤੇ ਉਪਲਬਧ ਹੋਵੇਗੀ।

ਪਟਾਕਿਆਂ ਤੋਂ ਸੁਰੱਖਿਆ ਅਤੇ ਬਾਇ ਲਾਅਜ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/fireworks ਤੇ ਜਾਓ।

**ਐਡਵਾਂਸ ਵੋਟਿੰਗ**

ਤੁਹਾਨੂੰ ਯਾਦ ਕਰਾਇਆ ਜਾਂਦਾ ਹੈ ਕਿ, 2022 ਦੀਆਂ ਬ੍ਰੈਂਪਟਨ ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ (2022 Brampton Municipal and School Board Election) ਲਈ ਵੋਟਿੰਗ ਡੇ (Voting Day), 24 ਅਕਤੂਬਰ ਨੂੰ ਹੈ। ਬ੍ਰੈਂਪਟਨ ਦੇ ਮਤਦਾਤਾਵਾਂ ਲਈ, ਐਡਵਾਂਸ ਵੋਟਿੰਗ, ਦੀਵਾਲੀ ਅਤੇ ਬੰਦੀ ਛੋੜ ਦਿਵਸ ਤੋਂ ਪਹਿਲਾਂ, 14 ਅਤੇ 15 ਅਕਤੂਬਰ ਨੂੰ ਹੋ ਰਹੀ ਹੈ। ਵਧੇਰੇ ਜਾਣਕਾਰੀ, ਇੱਥੇ (here) ਲਵੋ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca